# 2020 ਵਿੱਚ ਆਪਣੀ ਕਾਉਂਟੀ ਵਿੱਚ ਵੋਟ ਪਾਉਣ ਦੇ ਹੋਰ ਤਰੀਕੇ!

ASIAN AMERICANS ADVANCING JUSTICE
ASIAN LAW CAUCUS

## ਮੇਰੇ ਵੋਟ ਪਾਉਣ ਦਾ ਤਰੀਕਾ ਕਿਵੇਂ ਬਦਲ ਰਿਹਾ ਹੈ?

2016 ਵਿੱਚ ਪਾਸ ਕੀਤਾ ਗਿਆ ਵੋਟਰ ਚੋਇਸ ਐਕਟ, ਜਿਸ ਅਨੁਸਾਰ ਕੈਲੀਫੋਰਨੀਆ ਦੀਆਂ ਚੁਨਵੀਆਂ ਕਾਉਂਟੀਜ਼ ਵਿੱਚ ਵੋਟਿੰਗ ਕਿਵੇਂ ਹੁੰਦੀ ਹੈ, ਵਿੱਚ ਜ਼ੋਰਦਾਰ ਬਦਲਾਅ ਕੀਤੇ ਗਏ ਹਨ। 2020 ਵਿੱਚ, 15 ਕਾਉਂਟੀਜ਼ ਇਨ੍ਹਾਂ ਤਬਦੀਲੀਆਂ ਨੂੰ ਲਾਗੂ ਕਰ ਰਹੀਆਂ ਹਨ। ਇਹ ਕਾਉਂਟੀਜ਼ ਹਨ: ਐਮਾਡੋਰ, ਬਯੂਟ, ਕੈਲਵੇਰਾਸ, ਐਲ ਡੋਰਾਡੋ, ਫ੍ਰੈਸਨੋ, ਲੌਸ ਏਂਜਲਸ,[1] ਮਡੇਰਾ, ਮੈਰੀਪੋਸਾ, ਨਾਪਾ, ਨੇਵਾਡਾ, ਓਰੇਂਜ, ਸੈਕਰਾਮੈਂਟੋ, ਸੈਨ ਮੈਟਿਓ, ਸੈਂਟਾ ਕਲਾਰਾ, ਅਤੇ ਤੁਓਲੂਮਨੇ। ਵਧੇਰੀ ਜਾਣਕਾਰੀ voterschoice.org ਤੇ ਵੇਖ ਸਕਦੇ ਹੋ।

## ਇਹ ਕਿਵੇਂ ਕੰਮ ਕਰਦਾ ਹੈ?

- ਸਾਰੇ ਰਜਿਸਟਰਡ ਵੋਟਰਾਂ ਨੂੰ ਡਾਕ ਰਾਹੀਂ ਵੋਟ ਪਾਉਣ ਲਈ ਇੱਕ ਡਾਕ ਵੋਟ-ਪਰਚੀ ਮਿਲਦੀ ਹੈ। ਇਸ ਰਾਹੀਂ ਵੋਟ ਪਾਉਣ ਦੇ ਤਿੰਨ ਤਰੀਕੇ ਹਨ:
  1. ਆਪਣੀ ਵੋਟ-ਪਰਚੀ ਡਾਕ ਦੁਆਰਾ ਵਾਪਸ ਕਰੋ (ਡਾਕ ਟਿਕਟ ਦੀ ਲੋੜ ਨਹੀਂ)।
  2. ਆਪਣੀ ਕਾਉਂਟੀ ਦੇ ਬਹੁਤ ਸਾਰੇ ਸੁਰੱਖਿਅਤ ਡ੍ਰੌਪ ਬਾਕਸ ਵਿੱਚੋਂ ਇੱਕ ਤੇ ਆਪਣੀ ਡਾਕ-ਪਰਚੀ ਪਾਓ (ਕੋਈ ਡਾਕ ਟਿਕਟ ਦੀ ਲੋੜ ਨਹੀਂ)।
  3. ਵਿਅਕਤੀਗਤ ਤੌਰ ਤੇ ਵੋਟ ਪਾਓ ਜਾਂ ਕਿਸੇ ਵੋਟ ਕੇਂਦਰ ਤੇ ਜਾ ਕੇ ਆਪਣੀ ਵੋਟ-ਪਰਚੀ ਪਾਉ।

## ਵੋਟ ਕੇਂਦਰ ਕੀ ਹਨ ਅਤੇ ਉਹ ਕੀ ਲਾਭ ਪ੍ਰਦਾਨ ਕਰਦੇ ਹਨ?

ਵੋਟ ਕੇਂਦਰ ਪੋਲਿੰਗ ਥਾਵਾਂ ਦੀ ਜਗ੍ਹਾ ਲੈਣਗੇ। ਵੋਟ ਕੇਂਦਰ ਤੇ, ਤੁਸੀਂ ਹੇਠ ਲਿਖੀਆਂ ਸੁਵਿਧਾਵਾਂ ਲੈ ਸਕਦੇ ਹੋ:

- **ਜਲਦੀ ਵੋਟਿੰਗ** - ਕੁਝ ਵੋਟ ਕੇਂਦਰ ਚੋਣ ਦਿਨ ਤੋਂ 10 ਦਿਨ ਪਹਿਲਾਂ ਖੁਲ੍ਹ ਜਾਂਦੇ ਹਨ ਅਤੇ ਸਾਰੇ ਵੋਟ ਕੇਂਦਰ ਚੋਣ ਦਿਨ ਤੋਂ 3 ਦਿਨ ਪਹਿਲਾਂ ਖੁੱਲ ਜਾਂਦੇ ਹਨ।
- **ਸਥਾਨ ਦੀ ਸਹੂਲਤ** - ਤੁਸੀਂ ਆਪਣੀ ਕਾਉਂਟੀ ਦੇ *ਕਿਸੇ ਵੀ* ਵੋਟ ਕੇਂਦਰ 'ਤੇ ਵੋਟ ਪਾ ਸਕਦੇ ਹੋ, ਨਾ ਕਿ ਸਿਰਫ ਘਰ ਦੇ ਨੇੜੇ ਵਾਲੇ ਕੇਂਦਰ ਵਿੱਚ।
- **ਉਸੇ-ਦਿਨ ਵੋਟਰ ਰਜਿਸਟਰੇਸ਼ਨ** – ਵੋਟਰ ਰਜਿਸਟਰ ਕਰਨ ਦੀ ਆਖ਼ਰੀ ਤਰੀਕ ਲੰਘ ਜਾਣ ਦੇ ਬਾਅਦ ਵੀ,

---

[1] ਲੌਸ ਏਂਜਲਸ ਕਾਉਂਟੀ ਦੇ ਵੋਟਰ ਸਿਰਫ ਤਾਂ ਹੀ ਵੋਟ-ਬਾਈ-ਮੇਲ (VMB) ਵੋਟ-ਪਰਚੀ ਪ੍ਰਾਪਤ ਕਰ ਸਕਦੇ ਹਨ ਜੇ ਉਹ ਪਹਿਲਾਂ ਤੋਂ ਹੀ ਇੱਕ VMB ਵੋਟਰ ਹਨ ਜਾਂ VBM ਵੋਟ-ਪਰਚੀ ਲਈ ਬੇਨਤੀ ਕਰਦੇ ਹਨ।

ਕਿਸੇ ਵੀ ਵੋਟ ਕੇਂਦਰ ਤੇ ਉਸੇ ਦਿਨ ਰਜਿਸਟਰ ਕਰ ਸਕਦੇ ਹੋ ਅਤੇ ਵੋਟ ਪਾ ਸਕਦੇ ਹੋ।

- **ਸਹਾਇਤਾ** - ਵੋਟ ਕੇਂਦਰ ਅਨੁਵਾਦਿਤ ਭਾਸ਼ਾ ਸਹਾਇਤਾ ਅਤੇ ਕਈ ਪਹੁੰਚ ਯੋਗ ਵੋਟਿੰਗ ਮਸ਼ੀਨਾਂ ਮੁਹੱਈਆ ਕਰਦੇ ਹਨ।

## ☑ ਮੈਂ ਪ੍ਰਚਾਰ ਕਰਨ ਲਈ ਕੀ ਕਰ ਸਕਦਾ/ਸਕਦੀ ਹਾਂ?

ਉਲਝਣਾਂ ਨੂੰ ਰੋਕਣ ਅਤੇ ਸਮਾਜ ਦੇ ਸਾਰੇ ਲੋਕਾਂ ਵੱਲੋਂ ਆਪਣੀ ਵੋਟ ਪਾਉਣਾ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਇਹਨਾਂ ਤਬਦੀਲੀਆਂ ਬਾਰੇ ਪ੍ਰਚਾਰ ਕਰਨ ਵਿੱਚ ਮਦਦ ਕਰੋ। ਇਹ ਕਰਨ ਲਈ ਹੇਠ ਦਿੱਤੇ ਕੁਝ ਤਰੀਕੇ ਹਨ:

- **ਸਮਾਗਮਾਂ ਦੀ ਮੇਜ਼ਬਾਨੀ ਕਰੋ** ਅਤੇ ਵੋਟ ਪਾਉਣ ਦੇ ਕਈ ਤਰੀਕਿਆਂ ਬਾਰੇ ਆਪਣੇ ਭਾਈਚਾਰੇ ਦੇ ਲੋਕਾਂ ਨਾਲ **ਜਾਣਕਾਰੀ ਸਾਂਝੀ ਕਰੋ**।
- **ਆਪਣੀ ਕਾਉਂਟੀ ਦੀ ਭਾਸ਼ਾ ਪਹੁੰਚ ਸਲਾਹਕਾਰ ਕਮੇਟੀ (LAAC) ਵਿੱਚ ਸ਼ਾਮਲ ਹੋਵੋ**, ਅਤੇ ਚੋਣ ਦਫ਼ਤਰ ਨੂੰ ਸੀਮਤ-ਅੰਗ੍ਰੇਜ਼ੀ ਬੋਲਣ ਵਾਲੇ ਵੋਟਰਾਂ ਤੱਕ ਪਹੁੰਚਣ ਲਈ ਸਲਾਹ ਅਤੇ ਮਦਦ ਦੇਵੋ।
- **ਆਪਣੀ ਕਾਉਂਟੀ ਦੀ ਵੋਟਰ ਪਹੁੰਚ ਸਲਾਹਕਾਰ ਕਮੇਟੀ (VAAC) ਵਿੱਚ ਸ਼ਾਮਲ ਹੋਵੋ**, ਅਤੇ ਚੋਣ ਦਫ਼ਤਰ ਨੂੰ ਅਪੰਗਤਾ ਵਾਲੇ ਵੋਟਰਾਂ ਤੱਕ ਪਹੁੰਚਣ ਲਈ ਸਲਾਹ ਅਤੇ ਮਦਦ ਦੇਵੋ।

## ☑ ਮੈਂ ਹੋਰ ਜਾਣਕਾਰੀ ਕਿਵੇਂ ਲੈ ਸਕਦਾ/ਸਕਦੀ ਹਾਂ ?

ਏਸ਼ੀਅਨ ਅਮੇਰਿਕੰਜ਼ ਐਡਵਾਂਸਿੰਗ ਜਸਟਿਸ – ਏਸ਼ੀਅਨ ਲਾਅ ਕੌਕਸ ਵਿਖੇ ਵੋਟਿੰਗ ਅਧਿਕਾਰ ਅਤੇ ਸੈਂਸਜ਼ ਕਮਿਊਨਟੀ ਦੇ ਐਡਵੋਕੇਟ ਨਿਕੋਲ ਵੋਂਗ ਨਾਲ nicolew@advancingjustice-alc.org ਜਾਂ 415-848-7715 ਤੇ ਸੰਪਰਕ ਕਰੋ।